ਲਾਸਾਨੀ ਸ਼ਹਾਦਤਾਂ ਅਤੇ ਮਨ-ਅੰਤਰ ਦੀ ਪੀੜਾ

ਮਨਜੀਤ ਸਿੰਘ ਕਲਕੱਤਾ 098140-50679

ਸਰਬੰਸਦਾਨੀ ਦਸਮ ਪਾਤਸ਼ਾਹ ਦੇ ਚਾਰ ਸਾਹਿਬਜਾਦਿਆਂ ਦੀ ਸ਼ਹਾਦਤ, ਅਲੌਕਿਕ, ਅਗੰਮੀ, ਰੱਬੀ ਅਕੀਦਤ ਅਤੇ ਇਬਾਦਤ ਦੀ ਨਿਵੇਕਲੀ ਸਾਖੀ ਹੈ ਜੋ ਜਿਤਨੀ ਲਾਸਾਨੀ ਹੈ ਉਤਨੀ ਹੀ ਪੁਰ-ਦਰਦ। ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ (ਨਿੱਕੀਆਂ ਜਿੰਦਾਂ) ਦੀ ਸ਼ਹਾਦਤ ਦੇ ਸਾਕੇ ਮਹਾਨ ਹਨ, ਜਿਸ ਕਾਰਨ ਉਨ੍ਹਾਂ ਦੇ ਨਾਵਾਂ ਨਾਲ ਸ਼ਬਦ ਬਾਬਾ ਜੁੜਿਆ ਹੈ। ਸੰਨ 1704 ਦਾ ਪੋਹ ਮਹੀਨੇ ਦਾ ਇਹ ਪੰਦਰਵਾੜਾ ਜਿਥੇ ਮੁਗਲ ਫੌਜਾਂ ਤੇ ਪਹਾੜੀ ਰਾਜਿਆਂ ਵੱਲੋਂ ਖਾਧੀਆਂ ਝੂਠੀਆਂ ਸਹੁੰਆਂ ਨੂੰ ਤੋੜਨ ਤੇ ਵਿਸ਼ਵਾਸਘਾਤ ਦਾ ਅਤਿ ਘਿਰਣਤ ਅਧਿਆਏ ਹੈ, ਉਥੇ ਦਸਮੇਸ਼ ਦੇ ਲਾਡਲੇ ਸਾਹਿਬਜਾਦਿਆਂ ਤੇ ਸਿੰਘਾਂ ਦੀ ਨਿਡਰਤਾ, ਦਲੇਰੀ, ਸੂਰਬੀਰਤਾ ਅਤੇ ਚੜ੍ਹਦੀ ਕਲਾ ਦੀ ਅਮਰ ਕਥਾ ਦਾ ਹਾਮੀ ਵੀ ਹੈ। ਪਾਤਸਾਹ ਦਾ ਸ੍ਰੀ ਅਨੰਦਪੁਰ ਸਾਹਿਬ ਤੋਂ ਕਿਲ੍ਹਾ ਛੱਡਣਾ, ਸਰਸਾ ਨਦੀ ਦਾ ਤੂਫਾਨੀ ਰੋਹ, ਗੁਰੂ ਦਸਮੇਸ਼ ਦਾ ਪਰਿਵਾਰ ਵਿਛੋੜਾ, ਕੁਦਰਤ ਦਾ ਕਹਿਰ, ਲਿਸ਼ਕਦੀਆਂ ਬਿਜਲੀਆਂ, ਤੇਜ ਬਰਫੀਲੀਆਂ ਹਵਾਵਾਂ ਜਿਵੇਂ ਇਕੱਠੇ ਹੋ ਕੇ ਪਰਮ ਪੁਰਖ ਦੇ ਦਾਸ ਦੇ ਰੱਬੀ ਇਸ਼ਕ ਦੀ ਪ੍ਰੀਖਿਆ ਲੈਣ ਲਈ ਉਤਾਰੂ ਹਨ, ਉਥੇ ਸੱਤਿਗੁਰੂ ਇਸ ਪ੍ਰਭੂ ਪ੍ਰੇਮ ਪ੍ਰੀਖਿਆ ਸਾਹਵੇਂ ਅਡੋਲ ਅਤੇ ਅਟੱਲ ਹਨ ਤੇ ਐਸੇ ਅਤਿ ਭਿਆਨਕ ਹਾਲਾਤ ਵਿਚ ਵੀ ਖਾਲਸਾਈ ਚੜ੍ਹਦੀ ਕਲਾ ਬਰਕਰਾਰ ਹੈ । ਅੱਲਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ :

'ਇਨਸਾਫ ਕਰੇ ਜੀ ਮੇਂ, ਜਮਾਨਾ ਤੋ ਯਕੀਂ ਹੈ,
ਕਹ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ ।'

ਦੁਸਮਣ ਹਨੇਰੀ ਵਾਂਗ ਸੂਕਦਾ ਪਿੱਛਾ ਕਰ ਰਿਹਾ ਹੈ ਪਰ ਗੁਰੂ ਦਸਮੇਸ ਸਰਸਾ ਦੇ ਕੰਢੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ। ਸਰਸਾ ਨਦੀ ਦੇ ਤੁਫਾਨੀ ਵੇਗ ਨੂੰ ਪਾਰ ਕਰਦਿਆਂ ਜਿਥੇ ਗੁਰੂ ਪਾਤਸ਼ਾਹ ਦੀ ਕ੍ਰਿਤ ਵਿੱਦਿਆਸਰ ਗ੍ਰੰਥ ਜਲ ਪ੍ਰਵਾਹ ਹੋ ਜਾਂਦਾ ਹੈ ਉਥੇ ਹੀ ਐਸੀ ਹੋਣੀ ਵਰਤਦੀ ਹੈ ਕਿ ਦਸਮੇਸ ਪਿਤਾ ਦੇ ਪਰਿਵਾਰ ਵਿਛੋੜੇ ਦੀ ਹਿਰਦੇ ਵੇਦਕ ਘਟਨਾ ਵਾਪਰਦੀ ਹੈ। ਦੋ ਛੋਟੇ ਸਾਹਿਬਜਾਦੇ ਤੇ ਮਾਤਾ ਗੁਜਰੀ ਵਿਛੜ ਜਾਂਦੇ ਹਨ। ਇਸੇ ਅਸਥਾਨ ਤੋਂ ਦੋ ਵੱਡੇ ਸਾਹਿਬਜਾਦਿਆਂ ਤੇ ਗਿਣਤੀ ਦੇ ਸਿੰਘਾਂ ਸਹਿਤ, ਪਾਤਸਾਹ ਚਮਕੌਰ (ਸਾਹਿਬ) ਪੁੱਜਦੇ ਹਨ, ਰਾਤ ਸਮੇਂ ਕੱਚੀ ਗੜ੍ਹੀ ਵਿਚ ਉਤਾਰਾ ਕਰਦੇ ਹਨ । ਦਿਨ ਚੜ੍ਹੇ ਪਿੱਛਾ ਕਰ ਰਹੀ ਲੱਖਾਂ ਦੀ ਫੌਜ ਘੇਰਾ ਪਾ ਲੈਂਦੀ ਹੈ ਪਰ ਗੜ੍ਹੀ ਦੇ ਨੇੜੇ ਫਟਕਣ ਦੀ ਕਿਸੇ ਦੀ ਹਿੰਮਤ ਨਹੀਂ ਪੈਂਦੀ । ਗੁਰੂ ਕਲਗੀਧਰ ਪਾਤਸਾਹ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਗੜ੍ਹੀ ਦੇ ਬਾਹਰ ਭੇਜਦੇ ਹਨ, ਜੋ ਜੈਕਾਰੇ ਗਜਾਉਂਦੇ ਰਣ-ਤੱਤੇ ਵਿਚ ਜੂਝਦੇ ਹਨ ਤੇ ਸਹਾਦਤ ਪ੍ਰਾਪਤ ਕਰ ਜਾਂਦੇ ਹਨ । ਇਤਿਹਾਸ ਗਵਾਹ ਹੈ ਕਿ ਪੀਰ-ਪੈਗੰਬਰ, ਅਵਤਾਰ ਜਾਂ ਯੋਧੇ ਵੀ ਆਪਣੇ ਪੁੱਤਰ ਮੋਹ ਸਾਹਵੇਂ ਹਾਰ ਜਾਂਦੇ ਰਹੇ ਹਨ ।

ਰਮਾਇਣ ਅਨੁਸਾਰ, ਪਿਤਾ ਪੁੱਤਰ ਦਾ ਵਿਛੋੜਾ ਨਾ ਸਹਿਣ ਕਰਦਿਆਂ ਪ੍ਰਾਣ ਤਿਆਗ ਦਿੰਦਾ ਹੈ, ਮਹਾਂਭਾਰਤ ਵਿਚ ਪਾਂਡਵਾਂ ਦੇ ਗੁਰੂ ਦ੍ਰੋਣਾਚਾਰੀਆ 'ਅਸਵਥਾਮਾ ਹਤੋ' ਆਪਣੇ ਪੁੱਤਰ ਦੀ ਮੌਤ ਸੁਣ ਐਨੇ ਵਿਯੋਗ ਵਿਚ ਆ ਜਾਂਦੇ ਹਨ ਕਿ ਮੈਦਾਨੇ ਜੰਗ ਵਿਚ ਹਥਿਆਰ ਸੁੱਟ ਦਿੰਦੇ ਹਨ । ਪਰ ਚਮਕੌਰ ਦੀ ਪਾਵਨ ਤੇ ਇਤਿਹਾਸਕ ਧਰਤੀ 'ਤੇ ਗੁਰੂ ਦਸਮੇਸ ਦੇ ਵੱਡੇ ਸਾਹਿਬਜਾਦੇ (17-18 ਸਾਲ) ਗੁਰੂ ਪਿਤਾ ਕੋਲੋਂ ਜਦ ਜੰਗ ਵਿਚ ਜਾਣ ਦੀ ਆਗਿਆ ਮੰਗਦੇ ਹਨ ਤਾਂ ਪਾਤਸਾਹ ਮੈਦਾਨੇ ਜੰਗ ਵਿਚ ਜੂਝਣ ਦੀ ਸਾਹਿਬਜਾਦੇ ਦੀ ਬੇਨਤੀ ਪ੍ਰਵਾਨ ਕਰਦੇ ਹਨ, ਜਦਕਿ ਸਿੰਘ ਰੋਕਦੇ ਹਨ । ਪਰ ਗੁਰੂ ਪਾਤਸਾਹ ਇਹ ਕਹਿੰਦਿਆਂ ਇਜਾਜਤ ਦਿੰਦੇ ਹਨ ਕਿ ਇਹ (ਸਾਹਿਬਜਾਦੇ) ਮੇਰੇ ਬਿੰਦੀ ਪੁੱਤਰ ਹਨ ਤਾਂ ਖਾਲਸਾ ਮੇਰਾ ਨਾਦੀ ਪੁੱਤਰ ਹੈ । ਬਾਬਾ ਅਜੀਤ ਸਿੰਘ ਬੜੇ ਜੋਸ਼ ਵਿਚ ਐਲਾਨ ਕਰਦੇ ਹਨ 'ਮੈਂ ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ, ਜੀਤਾ ਤੋ ਗਿਆ ਖੇਰ ਜੀਤਾ ਨਾ ਆਊਂਗਾ', ਸਾਹਿਬਜਾਦੇ ਨੇ ਜੰਗ ਵਿਚ ਭੜਥੂ ਪਾ ਦਿੱਤਾ, ਸਤਿਗੁਰੂ ਨੇ ਗੜ੍ਹੀ ਤੋਂ ਹੀ ਸ਼ਾਬਾਸ਼ ਦਿੱਤੀ 'ਸ਼ਾਬਾਸ਼ ਪਿਸਰ (ਪੁੱਤਰ) ਖੂਬ ਦਲੇਰੀ ਸੇ ਲੜੇ ਹੋ ਹਾਂ ਕਿਉਂ ਨਾ ਹੋ ਗੋਬਿੰਦ ਕੇ ਫਰਜੰਦ ਬੜੇ ਹੋ ।' ਅਖੀਰ ਬਾਬਾ ਅਜੀਤ ਸਿੰਘ ਜੀ ਅਣਗਿਣਤ ਦੁਸ਼ਮਣਾਂ ਦੇ ਘੇਰੇ ਵਿਚ ਜੂਝਦਿਆਂ ਸ਼ਹੀਦ ਹੋ ਜਾਂਦੇ ਹਨ ਪਰ ਚੜ੍ਹਦੀ ਕਲਾ ਦੇ ਅਵਤਾਰ ਸਤਿਗੁਰੂ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦਿਆਂ ਹੋਇਆਂ ਉੱਚੀ ਆਵਾਜ਼ ਵਿਚ ਚੜ੍ਹਦੀ ਕਲਾ ਦਾ ਜੈਕਾਰਾ ਗਜਾਉਂਦੇ ਹਨ, ਜਦਕਿ ਗੜ੍ਹੀ ਵਿਚੋਂ

ਵੇਖਣ ਵਾਲੇ ਸਿੰਘਾਂ ਦੀਆਂ ਅੱਖਾਂ ਵੈਰਾਗ ਵਿਚ ਸੇਜਲ ਹੋ ਜਾਂਦੀਆਂ ਹਨ । ਅੱਲਾ ਯਾਰ ਖਾਂ ਜੋਗੀ ਇਸ ਨੂੰ ਇਉਂ ਕਲਮਬੰਧ ਕਰਦਾ ਹੈ :

'ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ (ਪਿਤਾ) ਨੇ
ਤੁਫਾਂ ਬਪਾ ਗਮ ਸੇ ਕੀਆ ਦੀਦਾਇ ਤਰ ਨੇ ।'

ਉਸੇ ਸਮੇਂ 14 ਸਾਲ ਦੇ ਛੋਟੇ ਸ਼ਾਹਿਬਜਾਦੇ ਬਾਬਾ ਜੁਝਾਰ ਸਿੰਘ ਜੀ ਦੋਵੇਂ ਹੱਥ ਜੋੜ ਜੰਗ ਵਿਚ ਜਾਣ ਦੀ ਇਜਾਜਤ ਮੰਗਦੇ ਹਨ : 'ਉਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ ਰੁਖ਼ਸਤ ਹਮੇਂ ਦੋ ਪਿਤਾ ਜਾਏਂਗੇ ਮਰਨੇ', ਜਦੋਂ ਗੁਰੂ ਪਿਤਾ ਨੇ ਕਿਹਾ ਕਿ ਤੁਹਾਨੂੰ ਤਾਂ ਅਜੇ ਯੁੱਧ ਦਾ ਪੂਰਾ ਅਭਿਆਸ ਨਹੀਂ ਤਾਂ ਉੱਤਰ ਸੀ : 'ਲੜਨਾ ਨਹੀਂ ਆਤਾ ਮੁਝੇ, ਮਰਨਾ ਤੋ ਹੈ ਆਤਾ । ਖੁਦ ਬੜ੍ਹ ਕੇ ਗਲਾ ਤੇਗ ਪੇ ਧਰਨਾ ਤੋ ਹੈ ਆਤਾ', ਇਹ ਸੁਣ ਕੇ ਗੁਰੂ ਪਿਤਾ ਇਜਾਜਤ ਦਿੰਦੇ ਹਨ : 'ਮਰਨੇ ਕੇ ਲੀਏ ਕਹਨੇ ਲਗੇ ਜਾਈਏ ਜੰਮ ਜੰਮ, ਰੂਠੇ ਨਾ ਖੁਦਾ ਰਾ ਨਹੀ ਰੋਕੇਂਗੇ ਕਭੀ ਹਮ', ਅੱਖਾਂ ਦੇ ਸਾਹਵੇਂ ਹੀ ਸਾਹਿਬਜਾਦਾ ਜੁਝਾਰ ਸਿੰਘ ਵੀ ਮੈਦਾਨੇ ਜੰਗ ਵਿਚ ਦੁਸ਼ਮਣ ਨਾਲ ਲੜਦਿਆਂ ਸ਼ਹਾਦਤ ਪਾ ਜਾਂਦੇ ਹਨ । ਗੁਰੂ ਪਾਤਸ਼ਾਹ ਹੁਣ ਆਪ ਯੁੱਧ ਲਈ ਤਤਪਰ ਹੁੰਦੇ ਹਨ । ਸਿੰਘ ਪਹਿਲਾਂ ਬੇਨਤੀ ਕਰਦੇ ਹਨ ਤੇ ਫਿਰ ਪੰਜ ਪਿਆਰਿਆਂ ਦੇ ਗੁਰੂ ਰੂਪ ਵਿਚ ਪੰਥ ਪ੍ਰਚੁਰ ਦੇ ਇਲਾਹੀ ਹੁਕਮ ਨੂੰ ਲਾਗੂ ਕਰਨ ਲਈ ਗੜ੍ਹੀ ਛੱਡ ਕੇ ਜਾਣ ਦਾ ਹੁਕਮ ਦਿੰਦੇ ਹਨ, ਤਾਂ ਰਾਤ ਦੇ ਹਨੇਰੇ ਵਿਚ ਗੜ੍ਹੀ ਤੋਂ ਬਾਹਰ ਨਿਕਲ, ਪਾਤਸਾਹ ਤਾਲੀ ਵਜਾ ਕੇ ਕਹਿੰਦੇ ਹਨ ਕਿ 'ਹਿੰਦ ਕਾ ਪੀਰ ਜਾ ਰਿਹਾ ਹੈ', ਤੇ ਇਉਂ ਅਤਿ ਬਿਖਮ ਸਫਰ 'ਤੇ ਤੁਰ ਪੈਂਦੇ ਹਨ । ਜੰਗਲ ਬੀਆਬਾਨ, ਪੋਹ ਦੀਆਂ ਠੰਢੀਆਂ ਰਾਤਾਂ, ਚੱਲਦਿਆਂ-ਚੱਲਦਿਆਂ ਚਰਨ ਕੰਡਿਆਂ ਨਾਲ ਲਹੂ-ਲੁਹਾਣ ਹੋ ਗਏ, ਜਾਮਾਂ ਲੀਰੋ-ਲੀਰ ਹੋ ਗਿਆ, ਮਾਛੀਵਾੜੇ ਦੇ ਅਸਥਾਨ 'ਤੇ ਪੁੱਜਦੇ ਹਨ । ਪ੍ਰਭੂ ਪ੍ਰੀਤਮ ਨਾਲ ਕੋਈ ਗਿਲਾ ਸਿਕਵਾ ਨਹੀਂ ਪਰ ਸ਼ਬਦ ਉਚਾਰ ਆਪਣੇ ਰੱਬੀ ਇਸ਼ਕ ਦਾ ਇਜਹਾਰ ਕਰਦੇ ਹਨ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦੂਸਰੇ ਪਾਸੇ ਸਰਸਾ ਨਦੀ 'ਤੇ ਵਿਛੜਨ ਉਪਰੰਤ ਮਾਤਾ ਗੁਜਰੀ ਜੀ ਤੇ ਦੋ ਛੋਟੇ ਸਾਹਿਬਜਾਦੇ ਜੋਰਾਵਰ ਸਿੰਘ ਤੇ ਫਤਹਿ ਸਿੰਘ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਜਾਂਦਾ ਹੈ ਤੇ ਚੰਦ ਮੋਹਰਾਂ ਤੇ ਗਹਿਣਿਆਂ ਦੀ ਖਾਤਰ ਮਾਤਾ ਜੀ ਤੇ ਸਾਹਿਬਜਾਦਿਆਂ ਦੇ ਆਪਣੇ ਘਰ ਠਹਿਰੇ ਹੋਣ ਦੀ ਖਬਰ ਮੋਰਿੰਡੇ ਥਾਣੇ ਆਪ ਜਾ ਦਿੰਦਾ ਹੈ । ਮਾਤਾ ਜੀ ਤੇ ਛੋਟੇ ਸਾਹਿਬਜਾਦਿਆਂ ਨੂੰ ਗ੍ਰਿਫ਼ਤਾਰ ਕਰ, ਹੱਥ-ਕੜੀਆਂ ਲਾ ਠੰਢੇ ਬੁਰਜ ਵਿਚ ਕੈਦ ਕੀਤਾ ਜਾਂਦਾ ਹੈ, ਜਿਥੇ ਕੇਵਲ ਮੋਤੀ ਰਾਮ ਮਹਿਰਾ ਹੀ ਸਾਹਿਬਜਾਦਿਆਂ ਨੂੰ ਦੁੱਧ ਪਿਲਾਉਣ ਦੀ ਜੁਅੱਰਤ ਕਰ ਸਕਿਆ । ਤਿੰਨ ਦਿਨ ਲਗਾਤਾਰ ਸਾਹਿਬਜਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਂਦਾ ਰਿਹਾ, ਜਿਥੇ ਲਾਲਚ ਵੀ ਦਿੱਤੇ ਗਏ ਅਤੇ ਡਰਾਵੇ ਵੀ । ਜਿਸ ਉਮਰ ਵਿਚ ਬੱਚੇ ਕਿਸੇ ਖਿਡੌਣੇ ਨਾਲ ਹੀ ਪਰਚ ਜਾਂਦੇ ਹਨ, ਉਸ ਉਮਰ ਵਿਚ ਸਾਹਿਬਜਾਦਿਆਂ ਨੇ ਹਰ ਲਾਲਚ ਠੁਕਰਾ ਦਿੱਤਾ ਅਤੇ ਕੋਈ ਡਰ-ਭੈਅ ਵੀ ਕਬੂਲ ਨਹੀਂ ਕੀਤਾ । ਨਵਾਬ ਸਰਹਿੰਦ ਦੀ ਮਾੜੀ ਨੀਅਤ ਦੇਖ ਸ਼ੇਰ ਖਾਂ ਨਵਾਬ ਮਾਲੇਰਕੋਟਲਾ ਨੇ ਮਾਸੂਮ ਬੱਚਿਆਂ ਦੇ ਖੂਨ ਦਾ ਗੁਨਾਹ (ਕੁਰਾਨ ਸ਼ਰੀਫ ਅਨੁਸਾਰ) ਕਰਨ ਤੋਂ ਰੋਕਣ ਲਈ ਹਾਅ ਦਾ ਨਾਅਰਾ ਮਾਰਿਆ ਪਰ ਸੂਬੇ ਦੀ ਉਸੇ ਕਚਹਿਰੀ ਵਿਚ ਬੈਠੇ ਕਾਜੀ ਨੇ ਕੁਰਾਨ ਸ਼ਰੀਫ ਦੇ ਇਸ ਹੁਕਮ ਦਾ ਤੋੜ ਕੱਢਦਿਆਂ ਸਾਹਿਬਜਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਮਾਰਨ ਦੀ ਤਰਕੀਬ ਦੱਸੀ ।

ਉਸੇ ਕਚਹਿਰੀ ਵਿਚ ਮੱਥੇ 'ਤੇ ਤਿਲਕ ਲਾਉਣ ਵਾਲੇ ਬ੍ਰਾਹਮਣ ਸੁੱਚਾ ਨੰਦ ਨੇ ਨਫਰਤ ਦੀ ਇਸ ਅੱਗ ਵਿਚ ਹੋਰ ਤੇਲ ਪਾਉਂਦਿਆਂ ਸਾਹਿਬਜਾਦਿਆਂ ਨੂੰ ਸਪੋਲੀਏ ਦੱਸਿਆ । ਸਬੂਤ ਵਜੋਂ ਸਵਾਲ ਜਵਾਬ ਵੀ ਕੀਤੇ ਗਏ, ਕਿ 'ਬੱਚਿਓ ਜੇ ਤੁਹਾਨੂੰ ਰਿਹਾਅ ਕਰ ਦਿੱਤਾ ਜਾਵੇ ਤਾਂ ਕੀ ਕਰੋਗੇ ?' ਅੱਗੋਂ ਗਰਜਵਾਂ ਉੱਤਰ ਮਿਲਿਆ ਕਿ 'ਅਸੀਂ ਸਿੰਘਾਂ ਨੂੰ ਇਕੱਠੇ ਕਰਕੇ ਜਾਲਮ ਰਾਜ ਨੂੰ ਖਤਮ ਕਰਨ ਲਈ ਜੰਗ ਕਰਾਂਗੇ ਅਤੇ ਉਦੋਂ ਤੱਕ ਇਹ ਜਦੋ-ਜਹਿਦ ਜਾਰੀ ਰੱਖਾਂਗੇ ਜਦ ਤੱਕ ਜਲਮ ਦਾ ਰਾਜ ਖਤਮ ਨਹੀਂ ਹੋ ਜਾਂਦਾ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ ।' ਸੂਬਾ ਸਰਹੰਦ ਦੁਆਰਾ ਦੀਵਾਰ ਵਿਚ ਚਿਣ ਦਿੱਤੇ ਜਾਣ ਦਾ ਹੁਕਮ ਸੁਣ ਦੋਵੇਂ ਨੰਨਿਹਾਲਾਂ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ ਤੇ ਹੱਥ ਵਿਚ ਹੱਥ ਫੜ ਕੇ ਸ਼ਹੀਦ ਹੋਣ ਲਈ ਤਿਆਰ ਜਗ੍ਹਾ (ਮਕਤਲ) ਵੱਲ ਆਪੇ ਹੀ ਤੁਰ ਪਏ । ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ-

'ਜਿਸ ਧੱਜ (ਸ਼ਾਨ) ਸੇ ਕੋਈ ਮਕਤਲ ਪੇ ਗਿਆ
ਵੋਹ ਸ਼ਾਨ ਸਲਾਮਤ ਰਹਿਤੀ ਹੈ ।
ਯਹ ਜਾਨ ਤੋ ਆਨੀ ਜਾਨੀ ਹੈ
ਇਸ ਜਾਨ ਕੀ ਕੋਈ ਬਾਤ ਨਹੀਂ ।'

ਤੇ ਜਾਲਮ ਸੂਬਾ ਸਰਹਿੰਦ ਨੇ ਸਾਹਿਬਜਾਦਿਆਂ ਨੂੰ ਦੀਵਾਰ ਵਿਚ ਚਿਣਵਾ ਦਿੱਤਾ ਪਰ ਛੋਟੀ ਉਮਰ ਦੇ ਸਾਹਿਬਜਾਦਿਆਂ ਨੇ ਈਨ ਨਾ ਮੰਨੀ ਤੇ ਕਿਹਾ 'ਹਮਰੇ ਕੁਲ ਰੀਤ ਇਹ ਆਈ ਪ੍ਰਾਣ ਜਾਈ ਪਰ ਧਰਮ ਨਾ ਜਾਈ ।' ਪਰ ਬਹੁਤਾ ਸਮਾਂ ਨਾ ਲੰਘਿਆ, ਕੁਝ ਵਰ੍ਹਿਆਂ ਬਾਅਦ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ :

'ਜੋਗੀ ਜੀ ਇਸ ਕੇ ਬਾਅਦ ਹੁਈ ਥੋੜੀ ਦੇਰ ਥੀ ਬਸਤੀ ਸਰਹੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ ।' ਸਾਹਿਬਜਾਦਿਆਂ ਦੀ ਇਸ ਮਹਾਨ ਸ਼ਹਾਦਤ ਬਾਰੇ ਵੀਹਵੀਂ ਸਦੀ ਦਾ ਹਿੰਦੀ ਦਾ ਪ੍ਰਸਿੱਧ ਕਵੀ ਮੈਥਲੀ ਸ਼ਰਨ ਗੁਪਤ ਲਿਖਦਾ ਹੈ :

'ਜਿਸ ਦੇਸ਼ ਯਾ ਜਾਤੀ ਕੇ ਬੱਚੇ, ਦੇ ਸਕਤੇ ਹੈਂ ਯੂੰ ਬਲੀਦਾਨ
ਵਰਤਮਾਨ ਉਸ ਕਾ ਕੁਛ ਭੀ ਹੋ
ਪਰ ਭਵਿੱਸ਼ ਹੈ ਮਹਾਂ ਮਹਾਨ ।'

ਅੰਦਾਜਾ ਵੀ ਨਹੀਂ ਲਗਾਇਆ ਜਾ ਸਕਦਾ ਕਿ ਸਾਹਿਬਜਾਦਿਆਂ ਦੀ ਐਸੀ ਸ਼ਹਾਦਤ 'ਤੇ ਅੱਜ ਤੀਕ ਕਿੰਨੇ ਹੰਝੂ ਵਗੇ ਹੋਣਗੇ, ਕਿੰਨੇ ਦਿਲ ਰੋਏ ਹੋਣਗੇ ਅਤੇ ਕਿੰਨਾ ਜੋਸ਼ ਪੰਥ ਵਿਚ ਭਰਿਆ ਹੋਵੇਗਾ । ਇਸ ਸ਼ਹਾਦਤ ਤੋਂ ਬਾਅਦ ਹੋਈ ਹਰ ਜੰਗ ਵਿਚ ਸਿੰਘ ਲੜਦੇ ਹੋਏ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਅਗਵਾਈ ਸਾਹਿਬਜਾਦੇ ਕਰ ਰਹੇ ਹਨ । ਦਸਮੇਸ਼ ਪਿਤਾ ਦੇ ਪੁੱਤਰਾਂ ਦੀ ਇਸ ਇਤਿਹਾਸਕ ਕੁਰਬਾਨੀ ਨੇ ਸਿੰਘਾਂ ਨੂੰ ਪ੍ਰੇਰਿਆ ਹੈ ਤੇ ਕਿਸੇ ਸਿੰਘ ਨੇ ਆਪਣੀ ਕੁਲ ਰੱਖਣ ਲਈ ਕਿਸੇ ਜਾਲਮ ਦੀ ਈਨ ਨਹੀਂ ਮੰਨੀ । ਛੋਟੇ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਦੇ ਪਾਵਨ ਅਸਥਾਨ ਫਤਹਿਗੜ੍ਹ ਸਾਹਿਬ ਵਿਖੇ, ਉਨ੍ਹਾਂ ਦੀ ਸ਼ਹਾਦਤ ਦੀ ਸਦੀਵੀ ਯਾਦ ਵਿਚ ਹਰ ਸਾਲ ਜੋੜ ਮੇਲੇ ਲੱਗਦੇ ਹਨ ।

'ਬੱਸ ਹਿੰਦ ਮੇਂ ਏਕ ਹੀ ਤੀਰਥ ਹੈ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ ।'

ਅਜੇ ਬਹੁਤੇ ਸਾਲ ਨਹੀਂ ਹੋਏ, ਜਦੋਂ ਇਸ ਇਲਾਕੇ ਦੇ ਪਿੰਡਾਂ ਤੇ ਨਗਰਾਂ ਵਿਚ ਵਸਦੇ ਸਿੰਘ ਇਨ੍ਹਾਂ ਦਿਨਾਂ (ਪੋਹ ਮਹੀਨੇ ਦੇ ਇਸ ਪੰਦਰਵਾੜੇ) ਵਿਚ ਪਲੰਘ ਤੇ ਮੰਜੇ ਤਿਆਗ ਕੇ ਜਮੀਨ 'ਤੇ ਸੌਂਦੇ ਸਨ ਤੇ ਦਿਨ ਵਿਚ ਇਕ ਵਾਰ ਸਾਦਾ ਭੋਜਨ ਕਰਦੇ ਸਨ, ਕੋਈ ਬਰਾਤ ਨਹੀਂ ਸੀ ਚੜ੍ਹਦੀ, ਕੋਈ ਸ਼ਗਨ ਜਾਂ ਖੁਸ਼ੀਆਂ ਇਨ੍ਹਾਂ ਦਿਨਾਂ ਵਿਚ ਨਹੀਂ ਸੀ ਮਨਾਈਆਂ ਜਾਂਦੀਆਂ । ਪੂਰਨ ਸ਼ਰਧਾ ਸਹਿਤ ਜੋੜ ਮੇਲੇ ਲੱਗਦੇ ਸਨ, ਜਿਨ੍ਹਾਂ ਨੂੰ ਪਹਿਲਾਂ-ਪਹਿਲਾਂ ਸਿੰਘ ਸਭਾ ਵੀ ਕਿਹਾ ਜਾਂਦਾ ਸੀ । ਸਜੇ ਪੰਡਾਲਾਂ ਵਿਚ ਕਥਾ ਕੀਰਤਨ ਤੇ ਢਾਡੀ ਵਾਰਾਂ ਉਪਰੰਤ ਪੰਥਕ ਵਿਚਾਰਾਂ ਹੁੰਦੀਆਂ ਸਨ ਪਰ ਹੁਣ ਇਸ ਸ਼ਹੀਦੀ ਸਾਕੇ ਦੀ ਯਾਦ ਵਿਚ ਜੋੜ ਮੇਲੇ ਨਹੀਂ ਤੋੜ ਮੇਲੇ ਲਗਦੇ ਹਨ। ਲਿਖਣ ਵਿਚ ਕੋਈ ਗੁਰੇਜ ਨਹੀਂ ਹੈ ਕਿ ਅਸੀਂ ਇਸ ਇਤਿਹਾਸਕ ਦਿਹਾੜੇ ਨੂੰ ਇਕ ਸਾਧਾਰਨ ਮੇਲਾ ਹੀ ਬਣਾ ਦਿੱਤਾ, ਗੰਦੇ ਗੀਤਾਂ ਦੇ ਰਿਕਾਰਡ, ਅਸ਼ਲੀਲ ਨਾਚ ਗਾਣੇ, ਸਰਕਸਾਂ ਅਤੇ ਤਰ੍ਹਾਂ-ਤਰ੍ਹਾਂ ਦੇ ਖਾਣ-ਪੀਣ ਦੀਆਂ ਦੁਕਾਨਾਂ ਲੱਗਦੀਆਂ ਸਨ, ਰਾਜਸੀ ਪਾਰਟੀਆਂ ਇਸ ਅਸਥਾਨ 'ਤੇ ਨਤਮਸਤਕ ਹੋਣ ਆਈਆਂ ਸੰਗਤਾਂ ਦਾ ਲਾਹਾ ਲੈਂਦਿਆਂ ਵਿਰੋਧੀਆਂ 'ਤੇ ਚਿੱਕੜ ਸੁੱਟਣ ਤੋਂ ਕੋਈ ਗੁਰੇਜ ਨਹੀਂ ਕਰਦੀਆਂ। ਕੁਝ ਅਰਸਾ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਇਸ ਸ਼ਹੀਦੀ ਜੋੜ ਮੇਲੇ ਦੀ ਪਵਿੱਤਰਤਾ ਬਣਾਈ ਰੱਖਣ ਲਈ ਆਦੇਸ਼ ਜਾਰੀ ਕੀਤਾ ਗਿਆ ਕਿ 'ਇਸ ਮਹਾਨ ਅਸਥਾਨ 'ਤੇ ਰਾਜਸੀ ਕਾਨਫਰੰਸਾਂ ਨਾ ਕੀਤੀਆਂ ਜਾਣ', ਪਰ ਆਪਣੇ ਰਾਜਸੀ ਸਵਾਰਥ ਲਈ ਇਕ ਵੀ ਪਾਰਟੀ ਨੇ ਪਾਲਣ ਨਹੀਂ ਕੀਤੀ । ਲੋੜ ਹੈ ਕਿ ਸਾਰੀਆ ਸੰਗਤਾਂ ਤੇ ਪ੍ਰਤੀਨਿਧ ਆਗੂ ਇਸ ਪੁਰ-ਦਰਦ ਤੇ ਮਹਾਨ ਸਾਕੇ ਦੀ ਪਵਿੱਤਰਤਾ ਕਾਇਮ ਰੱਖਣ ਲਈ ਅਤੇ ਸਿੱਖੀ ਦੇ ਪ੍ਰਚਾਰ ਤੇ ਪੰਥ ਦੀ ਚੜ੍ਹਦੀ ਕਲਾ ਲਈ ਹੀ ਧਾਰਮਿਕ ਦੀਵਾਨ ਸਜਾਉਣ ।

ਹਰਿਆਣਾ ਦੇ ਸਿੱਖਾਂ ਲਈ ਕਿਹੋ ਜਿਹਾ ਰਿਹਾ ਸਾਲ ?

ਲੰਮੇ ਸਮੇਂ ਤੋਂ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਸੂਬੇ ਦੇ ਸਿੱਖਾਂ ਲਈ ਸਾਲ 2013 ਵੀ ਨਿਰਾਸ਼ਾਜਨਕ ਰਿਹਾ ਹੈ, ਕਿਉਂਕਿ ਸੱਤਾਧਾਰੀ ਕਾਂਗਰਸ ਪਾਰਟੀ ਨੇ ਝੂਠੇ ਲਾਰਿਆਂ ਅਤੇ ਵਾਅਦਿਆਂ ਤੋਂ ਇਸ ਸਾਲ ਵੀ ਇਨ੍ਹਾਂ ਦੇ ਪੱਲੇ ਕੁਝ ਨਹੀਂ ਪਾਇਆ। ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ- 72 ਤਹਿਤ ਹਰਿਆਣਾ ਦਾ ਸਿੱਖ ਸਮਾਜ ਲੰਮੇ ਸਮੇਂ ਤੋਂ ਇਹ ਮੰਗ ਕਰ ਰਿਹਾ ਹੈ ਕਿ ਸੂਬੇ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਜਾਵੇ। ਹਰਿਆਣਾ ਦੀਆਂ ਦੋ ਸਿਆਸੀ ਪਾਰਟੀਆਂ- ਕਾਂਗਰਸ ਅਤੇ ਹਜਕਾਂ ਨੇ ਸਿੱਖਾਂ ਦੇ ਇਸ ਮਸਲੇ 'ਤੇ ਉਨ੍ਹਾਂ ਨੂੰ ਹਮੇਸ਼ਾਂ ਹੀ ਆਪਣੇ ਵੋਟ ਬੈਂਕ ਵਜੋਂ ਵਰਤਿਆ ਹੈ ਪਰ ਬਾਅਦ ਵਿੱਚ ਕੁਝ ਵੀ ਪੱਲੇ ਨਹੀਂ ਪਾਇਆ। ਸਾਲ 2004 ਦੀਆਂ ਵਿਧਾਨ ਸਭਾ ਚੋਣਾਂ ਵਿੱਚ

ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਸ ਗੱਲ ਨੂੰ ਸ਼ਾਮਲ ਕੀਤਾ ਸੀ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਦਿਆਂ ਹੀ ਵੱਖਰੀ ਕਮੇਟੀ ਦੀ ਸਥਾਪਨਾ ਕਰ ਦਿੱਤੀ ਜਾਵੇਗੀ ਪਰ ਅਜਿਹਾ ਨਹੀਂ ਹੋਇਆ। ਹਾਲਾਂਕਿ ਇਸ ਤੋਂ ਬਾਅਦ ਸੂਬੇ ਵਿੱਚ ਸਾਲ 2009 ਵਿੱਚ ਵੀ ਕਾਂਗਰਸ ਪਾਰਟੀ ਦੀ ਹੀ ਸਰਕਾਰ ਬਣੀ ਪਰ ਇਹ ਕਦੇ ਇਸ ਮਸਲੇ 'ਤੇ ਕਾਨੂੰਨੀ ਰਾਇ ਲੈਣ ਅਤੇ ਕਦੇ ਕੋਈ ਹੋਰ ਬਹਾਨਾ ਬਣਾ ਕੇ ਹਰਿਆਣਾ ਦੇ ਸਿੱਖਾਂ ਨੂੰ ਟਰਕਾਉਂਦੀ ਰਹੀ। ਕਾਂਗਰਸ ਪਾਰਟੀ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਹਰਿਆਣਾ ਦੇ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਦੀ ਅਗਵਾਈ ਵਿੱਚ ਕਮੇਟੀ ਦਾ ਗਠਨ ਵੀ ਕੀਤਾ ਗਿਆ, ਜਿਸਨੇ ਸੂਬੇ ਦੇ ਸਿੱਖਾਂ ਤੋਂ ਹਲਫ਼ਨਾਮੇ ਲਏ ਕਿ ਕਿੰਨੇ ਸਿੱਖ ਵੱਖਰੀ ਕਮੇਟੀ ਦੇ ਹੱਕ ਵਿੱਚ ਹਨ ? ਇਸ ਤੋਂ ਬਾਅਦ ਕਮੇਟੀ ਨੇ ਇਹ ਵੀ ਆਖਿਆ ਕਿ ਹਰਿਆਣਾ ਦੇ ਸਿੱਖਾਂ ਦੀ ਬਹੁਗਿਣਤੀ ਵੱਖਰੀ ਕਮੇਟੀ ਦੇ ਹੱਕ ਵਿੱਚ ਹੈ ਅਤੇ ਇਸ ਮਸਲੇ ਨੂੰ ਜਲਦੀ ਹੀ ਹੱਲ ਕਰ ਲਿਆ ਜਾਵੇਗਾ। ਇਸ ਤੋਂ ਬਾਅਦ ਇਹ ਮਾਮਲਾ ਪ੍ਰਧਾਨ ਮੰਤਰੀ ਦੇ ਦਰਬਾਰ ਵਿੱਚ ਵੀ ਪਹੁੰਚਿਆ ਪਰ ਬਗੈਰ ਨਿਰਾਸ਼ਾ ਦੇ ਇੱਥੋਂ ਦੇ ਸਿੱਖ ਸਮਾਜ ਦੇ ਪੱਲੇ ਕੁਝ ਨਹੀਂ ਪਿਆ। ਪਿਛਲੇ ਦਿਨੀਂ ਹਜਕਾਂ ਸੁਪਰੀਮੋ ਵੱਲੋਂ ਹਿਸਾਰ ਵਿੱਚ ਪਾਰਟੀ ਵੱਲੋਂ ਕੀਤੀ ਗਈ ਰੈਲੀ ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਸੂਬੇ ਵਿੱਚ ਹਰਿਆਣਾ ਜਨਹਿੱਤ ਕਾਂਗਰਸ ਦੀ ਸਰਕਾਰ ਬਣਨ 'ਤੇ ਵੱਖਰੀ ਕਮੇਟੀ ਬਣਾ ਦਿੱਤੀ ਜਾਵੇਗੀ ਪਰ ਇਸ ਤੋਂ ਅਗਲੇ ਹੀ ਦਿਨ ਹਜਕਾਂ ਦੀ ਭਾਈਵਾਲ ਪਾਰਟੀ ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਬਿਆਨ ਜਾਰੀ ਕਰ ਦਿੱਤਾ ਕਿ ਸ੍ਰੀ ਬਿਸ਼ਨੋਈ ਨੇ ਇਸ ਮਸਲੇ 'ਤੇ ਭਾਜਪਾ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਤੇ ਭਾਜਪਾ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਨਹੀਂ ਹੈ।

ਹਰਿਆਣਾ ਵਿੱਚ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਨੇਤਾਵਾਂ- ਜਗਦੀਸ਼ ਸਿੰਘ ਝੀਂਡਾ ਅਤੇ ਦੀਦਾਰ ਸਿੰਘ ਨਲਵੀ ਦੇ ਵੀ ਆਪਸੀ ਧੜੇਬੰਦੀ ਦੇ ਸ਼ਿਕਾਰ ਹੋ ਜਾਣ ਨਾਲ ਵੱਖਰੀ ਕਮੇਟੀ ਬਣਨ ਦੇ ਹੁਲਾਰੇ ਨੂੰ ਝਟਕਾ ਲੱਗਾ ਹੈ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਚਾਰ ਸੂਬਿਆਂ ਵਿੱਚ ਕਾਂਗਰਸ ਪਾਰਟੀ ਦੀ ਹੋਈ ਹਾਰ ਦੇ ਮੱਦੇਨਜ਼ਰ ਹੁਣ ਹਰਿਆਣਾ ਵਿੱਚ ਕਾਂਗਰਸ ਪਾਰਟੀ ਇੱਕ ਵਾਰ ਫਿਰ ਤੋਂ ਸੂਬੇ ਦੇ ਸਿੱਖਾਂ ਦੇ ਇਸ ਮਸਲੇ 'ਤੇ ਕੁਝ ਸੰਜੀਦਾ ਹੋਈ ਨਜ਼ਰ ਆ ਰਹੀ ਹੈ। ਹਰਿਆਣਾ ਦੇ ਕੁਝ ਸਿੱਖ ਕਾਂਗਰਸੀ ਆਗੂਆਂ ਨੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਇਸ ਗੱਲੋਂ ਸਚੇਤ ਕੀਤਾ ਹੈ ਕਿ ਹਰਿਆਣਾ ਦੇ ਸਿੱਖਾਂ ਦੀ ਇਸ ਮੰਗ ਵੱਲ ਉਚੇਚੇ ਤੌਰ 'ਤੇ ਧਿਆਨ ਦਿੱਤਾ ਜਾਵੇ। ਇਸ ਮਸਲੇ ਨੂੰ ਲੈ ਕੇ ਕਾਂਗਰਸੀ ਆਗੂਆਂ ਦੀ ਇੱਕ ਅਹਿਮ ਬੈਠਕ ਹੋ ਚੁੱਕੀ ਹੈ ਅਤੇ ਜਲਦੀ ਹੀ ਪ੍ਰਧਾਨ ਮੰਤਰੀ ਨੂੰ ਮਿਲਣ ਦੀਆਂ ਯੋਜਨਾਵਾਂ ਵੀ ਬਣ ਰਹੀਆਂ ਹਨ। ਹੁਣ ਵੇਖਣਾ ਇਹ ਹੋਵੇਗਾ ਕਿ ਸਾਲ 2014 ਵੱਖਰੀ ਕਮੇਟੀ ਦੀ ਮੰਗ ਕਰ ਰਹੇ ਹਰਿਆਣਾ ਦੇ ਸਿੱਖਾਂ ਲਈ ਕੁਝ ਨਵਾਂ ਲੈ ਕੇ ਆਉਂਦਾ ਹੈ ਜਾਂ ਨਹੀਂ ?

PROFESSIONAL AND DEDICATED SERVICE
MAXIMUM MARKETING EXPOSURE OF YOUR HOME

We Help to Arrange Your Mortgage

Cell:416-567-3156
Phone: 416-288-0800
Fax: 416-288-8038
Toll: 877-288-0884

Century 21 New Star Realty Inc. Brokerage*

Sukh Bhangu
Sales Reperesentative
• Independently Owned & Ooperated

Bovaird/Lake Louise Dr $385,500 Bovaird/Chinguacousy $389,000



4 Bedroom All Brick Semi In A Brampton Mattamy Built Home. Hardwood Flooring In Living, Dining And Family Room Open Concept. Minutes To Mount Pleasant, Go Station, Shopping Plaza, Recreational Centre, Library, Playground, School, And Transit. Large Master Bedroom With Walk-In Closet, All Rooms Are Very Good Size With Double Door Entrance. Extras:Big Size Rear Deck (22'X26') Fenced Yard Finished Basement, Porch, Central Air, B/I Dishwasher, Fridge, Stove, Crown Range

Stunning Well Maintained Large Semi-Detached Home!!! Separate Living Room And Family Room, Granite Counter Top In Kitchen, Laminate Flooring On Main Floor, Stainless Steel Appliances In Kitchen.Humidifier With Furnace, Pot Lights In Rec Room, Direct Entrance To Home Through Garage Also. Extras:All Window Coverings, All Elf's, Fridge, Stove.

ਹੱਡੀਆਂ ਤੇ ਜੋੜਾਂ ਦੇ ਮਾਹਿਰ
ਡਿਸਕ, ਮੋਚ, ਚੁੱਕ, ਧਰਨ, ਰੀਹ

ਗਰਦਨ ਦਰਦ : ਦਰਦ ਧੌਣ ਵਿਚੋਂ ਉਠ ਕੇ ਬਾਂਹ ਵੱਲ ਜਾਣੀ, ਸਿਰ ਦਰਦ, ਮੋਰਾਂ ਵਿਚ ਅਕੜਾਅ
ਕਮਰ ਦਰਦ : ਡਿਸਕ ਦੀ ਦਰਦ ਚੂਲੇ ਤੋਂ ਉਠ ਕੇ ਲੱਤ ਵੱਲ ਜਾਣੀ , ਕਮਰ ਵਿਚ ਦਰਦ, ਤੁਰਨ ਵੇਲੇ ਦਰਦ ਲੱਤ ਵਿਚ ਜਾਣੀ, ਪੱਸਲੀਆਂ ਵਿਚ ਦਰਦ
ਗੋਡਿਆਂ ਵਿੱਚ ਦਰਦ : ਉਠ ਬੈਠ ਨਾ ਸਕਣਾ, ਤੁਰ ਫਿਰ ਨਾ ਸਕਣਾ, ਗੋਡਿਆਂ ਵਿਚ ਸੋਜ, ਹੱਡੀਆਂ ਦਾ ਵ... ਜਾਂ ਘਸ...
ਅੱਡੀਆਂ ਵਿਚ ਦਰਦ : ਪੈਰਾਂ ਵਿਚ ਦਰਦ, ਜੋੜਾਂ ਦੀਆਂ ਦਰਦਾਂ, ਗੱਠਿਆ ਦਾ ਪੱਕਾ ਹਰਬਲ ਇਲਾਜ

ਮਿਲਣ ਦਾ ਪਤਾ : Rubal Rehab Centre
351 Parkhurst Sq, unit 11/12, Brampton ON L6T 0C2
Across from 747 Flea Market (Airport Rd & Steels Ave.)
Ph# 905-874-3333, Cell 416-333-1800

Introducing Rubal Orthotics!

"Quality is Our Strength"
SKYDOME GROUP OF COMPANIES
WE DEAL WITH ALL INSURANCE
MINISTRY APPROVED SALVAGE INSPECTION STATION
Body Centre
Specializing in:
• Collision • Custom Painting
• Mechanical Service
Daljit Singh
President
308 Rutherford Road

KARTAR FURNITURE ਫਰਨੀਚਰ ਦੀ ਦੁਨੀਆਂ ਦਾ ਇੱਕੋ ਇੱਕ ਟਿਕਾਊ ਨਾਮ
■ ਅਸੀਂ ਸੋਫਾ ਸੈਟ ਖੁਦ ਹੱਥੀਂ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ